# ਬੱਚਿਆਂ ਲਈ ਬਾਈਬਲ

ਉਪੱਸਥਿਤ



# ਇੱਕ ਸੁੰਦਰ ਬੇਵਕੂਫ਼ ਬਾਦਸ਼ਾਹ

ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : Lyn Doerksen

ਕਹਾਣੀ 18 ਤ਼ 60

**www.M1914.org**

***Bible for Children,*** *PO Box 3, Winnipeg, MB R3C 2G1 Canada*

ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਪੰਜ਼ਾਬੀ

Punjabi

ਸੈਮੂਏਲ ਇਸਰਾਏਲ ਦਾ ਨਿਆਂਈ ਅਤੇ ਅਗੂਵਾ ਬਜ਼ੁਰਗ ਹੋ ਗਿਆ ਸੀ। ਉਸ ਨੇ ਆਪਣੇ ਪੁੱਤਰਾਂ ਨੂੰ ਇਸਰਾਏਲ ਦੇ ਉੱਤੇ ਨਿਆਂਈ ਬਣਾਇਆ ਸੀ, ਕੀ ਉਹ ਪਰਮੇਸ਼ਵਰ ਦੀ ਸੇਵਾ ਲਈ ਉਸਦੀ ਜੁਗਾ ਲੈ ਲੈਣ।



1

ਪਰ ਸੈਮੂਏਲ ਦੇ ਪੁੱਤਰ ਬੁਰੇ ਸਨ। ਉਹ ਰੁਪਏ ਨੂੰ ਪਿਆਰ ਕਰਦੇ ਸੀ ਅਤੇ ਰੁਪਏ ਨੂੰ ਪ੍ਰਾਪਤ ਕਰਨ ਲਈ ਆਪਣੀ ਤਾਕਤ ਦਾ ਗਲਤ ਇਸਤੇਮਾਲ ਕਰਦੇ ਸੀ।



2


ਉਹਨਾਂ ਦੀ ਦੁਸ਼ਟਤਾ ਦੇ ਕਾਰਨ ਇਸਰਾਏਲੀ ਲੋਕ ਮੁਸ਼ਕਲ ਵਿੱਚ ਸਨ। ਅਦਾਲ਼ਤ ਵੀ ਬੇਈਮਾਨ ਸੀ। ਲੋਕਾਂ ਨੂੰ ਆਪਣੀ ਮਦਦ ਲਈ ਸੈਮੂਏਲ ਦੇ ਪੁੱਤਰਾਂ ਨੂੰ ਰੁਪਏ ਦੇਣੇ ਪੈਂਦੇ ਸਨ।
3
ਕੁਝ ਤਾਂ ਕਰਨਾ ਪਵੇਗਾ। ਇੱਕ ਦਿਨ ਇਸਰਾਏਲ ਦੇ ਬਜ਼ੁਰਗ ਇਕੱਠੇ ਹੋਏ ਅਤੇ ਸੈਮੂਏਲ ਤੋਂ ਮਦਦ ਮੰਗੀ।
4
“ਸਾਨੂੰ ਇੱਕ ਬਾਦਸ਼ਾਹ ਦੇਹ ਕੇ ਉਹ ਸਾਡਾ ਨਿਆਂ ਕਰੇ,” ਬਜ਼ੁਰਗ ਲੋਕਾਂ ਨੇ ਮੰਗ ਕੀਤੀ। ਉਹ ਨਹੀ ਚਾਹੁੰਦੇ ਸਨ ਕੀ ਸੈਮੂਏਲ ਦੇ ਦੁਸ਼ਟ ਪੁੱਤਰ ਉਹਨਾਂ ਦਾ ਨਿਆਂ ਕਰਨ। ਉਹ ਆਪਣੇ ਆਸ-ਪਾਸ ਦੀਆਂ ਜਾਤੀਆਂ ਦੇ ਵਾਗੂੰ ਇੱਕ ਬਾਦਸ਼ਾਹ ਚਾਹੁੰਦੇ ਸਨ।
5
ਸੈਮੂਏਲ ਗੁੱਸੇ ਵਿੱਚ ਸੀ। ਇਸਰਾਏਲ ਕੋਲ ਪਹਿਲਾਂ ਹੀ ਬਾਦਸ਼ਾਹ ਸੀ!
6
ਅਨੰਤ ਜੀਵਿਤ, ਸਰਬਸ਼ਕਤੀਮਾਨ ਪਰਮੇਸ਼ਵਰ ਉਹਨਾਂ ਤੇ ਰਾਜ ਕਰਦਾ ਹੈ। ਬਹੁਤ ਸਮਾਂ ਪਹਿਲਾਂ ਉਸ ਨੇ ਉਹਨਾਂ ਨੂੰ ਮਿਸਰ ਦੀ ਗੁਲਾਮੀ ਤੋਂ ਆਜਾਦ ਕਰਵਾਇਆ, ਅਤੇ ਉਹਨਾਂ ਨੂੰ ਬਚਾਉਣ ਲਈ ਲਾਲ ਸਮੁੰਦਰ ਨੂੰ ਖੋਲ ਦਿੱਤਾ।
7
ਤਦ ਉਸ ਨੇ ਇਸਰਾਏਲੀਆਂ ਨੂੰ ਉਹਨਾਂ ਦੀ ਸੁੰਦਰ ਭੂਮੀ ਦੇ ਦਿੱਤੀ।
8


ਜਦ ਸੈਮੂਏਲ ਨੇ ਪ੍ਰਾਥਨਾਂ ਕੀਤੀ, ਪਰਮੇਸ਼ਵਰ ਨੇ ਉਸ ਨੂੰ ਕਿਹਾ,
"ਉਹਨਾਂ ਨੇ ਤੈਨੂੰ ਨਹੀ ਠੁਕਰਾਇਆ, ਪਰ ਉਹਨਾਂ ਨੇ ਮੈਨੂੰ ਠੁਕਰਾਇਆ
ਹੈ, ਕੀ ਮੈਂ ਉਹਨਾਂ ਉੱਪਰ
ਰਾਜ ਨਾ ਕਰਾਂ।
9


ਉਹਨਾਂ ਨੇ ਦੂਸਰੇ ਦੇਵਤਿਆਂ ਦੀ ਸੇਵਾ ਕੀਤੀ ਹੈ। ਉਹਨਾਂ ਦੀਆ ਗੱਲਾਂ ਤੇ
ਧਿਆਨ ਦੇਹ ਅਤੇ ਉਹਨਾਂ ਲਈ ਇੱਕ ਬਾਦਸ਼ਾਹ ਬਣਾ।"
10


ਪਰਮੇਸ਼ਵਰ ਨੇ ਸੈਮੂਏਲ
ਨੂੰ ਕਿਹਾ ਲੋਕਾਂ ਨੂੰ
ਚੇਤਾਵਨੀ ਦੇ ਕੀ ਉਹਨਾਂ
ਦਾ ਧਰਤੀ ਦਾ ਬਾਦਸ਼ਾਹ
ਉਹਨਾਂ ਦੇ ਪੈਸੇ ਕਰ ਦੇ
ਰੂਪ ਵਿੱਚ ਲਵੇਗਾ; ਉਹ
ਤੁਹਾਡੇ ਦਾਖਾਂ ਦੇ ਬਾਗਾਂ
ਅਤੇ ਚੰਗੇ ਖੇਤਾਂ ਨੂੰ
ਲਵੇਗਾ; ਤੁਹਾਡੇ ਪੁੱਤਰਾਂ
ਨੂੰ ਆਪਣੀ ਸੈਨਾਂ ਵਿੱਚ
ਹੁਕਮ ਦੇਵੇਗਾ; ਅਤੇ
ਤੁਹਾਡੀਆਂ ਧੀਆਂ ਨੂੰ
ਆਪਣਾ ਕੰਮ ਕਰਨ
ਲਈ ਹੁਕਮ ਦੇਵੇਗਾ।
11


ਸ਼ਾਹੀ ਦਾਖ਼ਲਤਾ
ਪਰ ਲੋਕ ਕਿਸੇ ਵੀ
ਤ੍ਰਾਂ ਇੱਕ ਬਾਦਸ਼ਾਹ
ਚਾਹੁੰਦੇ ਸਨ।
ਬਾਹਰ ਰੱਖਣਾ
12


ਪਰਮੇਸ਼ਵਰ ਨੇ ਸੈਮੂਏਲ ਦੀ ਅਗਵਾਈ ਇੱਕ ਜਵਾਨ
ਮਨੁੱਖ ਲਈ ਕੀਤੀ ਜਿਹੜਾ ਬਹੁਤ ਸੁੰਦਰ, ਬਹੁਤ
ਸ਼ਰਮੀਲਾ, ਅਤੇ ਬਹੁਤ ਹੀ ਲੰਬਾ – ਅਤੇ ਉਹ
ਸਭ ਤੋਂ ਲੰਬਾ ਸੀ। ਉਸਦਾ ਨਾ
ਸ਼ਾਊਲ ਸੀ। ਜਦ ਸੈਮੂਏਲ ਨੇ
ਸ਼ਾਊਲ ਨੂੰ ਵੇਖਿਆ, ਪਰਮੇਸ਼ਵਰ
ਨੇ ਕਿਹਾ, "ਇੱਕ ਇਹ
ਮੇਰੇ ਲੋਕਾਂ ਉੱਤੇ ਰਾਜ
ਕਰੇਗਾ।"
13


ਆਗਿਆ ਨੂੰ ਮੰਨਦੇ ਹੋਏ,
ਸੈਮੂਏਲ ਨੇ ਸ਼ਾਊਲ ਦਾ
ਅਭਿਸ਼ੇਕ ਇਸਰਾਏਲ ਦਾ
ਬਾਦਸ਼ਾਹ ਹੋਣ ਲਈ ਕੀਤਾ।
ਜਦ ਉਸ ਨੇ ਇਸਰਾਏਲੀਆਂ
ਨੂੰ ਦੱਸਿਆ ਕੀ ਸ਼ਾਊਲ
ਤੁਹਾਡਾ ਬਾਦਸ਼ਾਹ ਹੈ, ਉਹ
ਚੀਕੇ, "ਬਾਦਸ਼ਾਹ ਬਹੁਤ
ਦਿਨਾਂ ਤੱਕ ਜਿੰਦਾ ਰਹੇ!"
14

ਜਲਦ ਹੀ ਬਾਦਸ਼ਾਹ ਸ਼ਾਊਲ ਪਰਖਿਆ ਗਿਆ। ਅਮੋਨੀ, ਜਿਹੜੇ ਇਸਰਾਈਲੀਆਂ ਤੋਂ ਨਫ਼ਰਤ ਕਰਦੇ ਸੀ, ਇਸਰਾਏਲ ਸ਼ਹਿਰ ਨੂੰ ਚਾਰੇ ਪਾਸਿਓਂ ਘੇਰ ਲਿਆ ਅਤੇ ਉਹਨਾਂ ਨੂੰ ਧਮਕੀ ਦਿੱਤੀ ਕੀ ਮੈਂ ਹਰੇਕ ਮਨੁੱਖ ਦੀ ਸੱਜੀ ਅੱਖ ਕੱਢ ਲਵਾਂਗਾ।



15

ਕਿੰਨੀ ਬੁਰੀ ਯੋਜਨਾ ਸੀ! ਇਸ ਧਮਕੀ ਦੀ ਖ਼ਬਰ ਬਾਦਸ਼ਾਹ ਸ਼ਾਊਲ ਕੋਲ ਪਹੁੰਚੀ। ਉਸ ਨੇ ਆਪਣੀ ਸੈਨਾ ਤਿਆਰ ਕੀਤੀ।



16



ਜਦ ਦੋਨੋ ਸੈਨਾਂ ਮਿਲੀਆਂ, ਸ਼ਾਊਲ ਨੇ ਅਮੋਨੀਆਂ ਨੂੰ ਨਾਸ਼ ਕਰ ਦਿੱਤਾ ਅਤੇ ਸ਼ਹਿਰ ਨੂੰ ਬਚਾ ਲਿਆ। ਬਾਦਸ਼ਾਹ ਸ਼ਾਊਲ ਨੇ ਪਰਮੇਸ਼ਵਰ ਨੂੰ ਇਹ ਕਹਿ ਕੇ ਮਹਿਮਾ ਦਿੱਤੀ, "... ਅੱਜ ਪ੍ਰਭੂ ਨੇ ਇਸਰਾਇਲ ਵਿੱਚ ਉਧਾਰ ਲਿਆਂਦਾ ਹੈ!"

17

ਉਸ ਦਿਨ ਪਰਮੇਸ਼ਵਰ ਨੇ ਸ਼ਾਊਲ ਨੂੰ ਬਹੁਤ ਵੱਡੀ ਜਿੱਤ ਦਿੱਤੀ। ਪਰ ਸ਼ਾਊਲ ਨੇ ਹਮੇਸ਼ਾਂ ਪਰਮੇਸ਼ਵਰ ਨੂੰ ਸਨਮਾਨ ਨਾ ਦਿੱਤਾ। ਇੱਕ ਦਿਨ, ਫ਼ਲਿਸਤੀਆਂ ਨਾਲ ਲ਼ੜਣ ਤੋਂ ਪਹਿਲਾਂ ਸ਼ਾਊਲ ਨੇ ਪਰਮੇਸ਼ਵਰ ਨੂੰ ਬਲ਼ਿਦਾਨ ਚੜਾਇਆ।



18

ਉਹ ਜਾਣਦਾ ਸੀ ਕੀ ਇਹ ਸੈਮੂਏਲ ਦਾ ਕੰਮ ਹੈ। ਉਹ ਜਾਣ ਗਿਆ ਪਰਮੇਸ਼ਵਰ ਚਾਹੁੰਦਾ ਸੀ ਕੀ ਉਹ ਸੈਮੂਏਲ ਦੇ ਆਉਣ ਤੱਕ ਇੰਤਜ਼ਾਰ ਕਰੇ। ਪਰ ਸ਼ਾਊਲ ਨੇ ਪਰਮੇਸ਼ਵਰ ਦੀ ਆਗਿਆ ਨਾ ਮੰਨੀ!



19



ਜਦ ਸੈਮੂਏਲ ਪਹੁੰਚਿਆ, ਉਸਨੇ ਸ਼ਾਊਲ ਨੂੰ ਆਖਿਆ, "ਤੂੰ ਮੂਰਖਤਾ ਕੀਤੀ ਹੈ। ਤੂੰ ਪ੍ਰਭੂ ਆਪਣੇ ਪਰਮੇਸ਼ਵਰ ਦੀ ਆਗਿਆ ਨੂੰ ਨਹੀ ਮੰਨਿਆ। ਹੁਣ ਤੇਰਾ ਰਾਜ ਹਮੇਸ਼ਾਂ ਲਈ ਸਥਿਰ ਨਹੀ ਰਹੇਗਾ।"

20

ਸ਼ਾਇਦ ਸ਼ਾਊਲ ਨੇ ਸੋਚਿਆ ਹੋਣਾ ਕੀ ਇਹ ਛੋਟਾ ਜਿਹਾ ਪਾਪ ਹੈ। ਪਰ ਪਰਮੇਸ਼ਵਰ ਦੀ ਆਗਿਆ ਪਾਲਣਾ ਨਾ ਕਰਨੀ ਹਮੇਸ਼ਾ ਹੀ ਗਭੀਰ ਗੱਲ ਹੈ।



21

ਇੱਕ ਹੋਰ ਸਮੇ, ਪਰਮੇਸ਼ਵਰ ਨੇ ਸ਼ਾਊਲ ਨੂੰ ਅਮਾਲੇਕੀਆ ਦੇ ਦੁਸ਼ਟ ਲੋਕਾਂ ਨੂੰ ਖਤਮ ਕਰਨ ਦਾ ਹੁਕਮ ਦਿੱਤਾ।



ਪਰ ਸ਼ਾਊਲ ਅਤੇ ਉਸਦੇ ਲੋਕਾਂ ਨੇ ਅਮਾਲੇਕੀਆਂ ਦੇ ਬਾਦਸ਼ਾਹ ਅਗਾਗ ਨੂੰ ਜਿੰਦਾ ਛੱਡ ਦਿੱਤਾ।

22

ਉਹਨਾਂ ਨੇ ਚੰਗੀਆਂ ਚੀਜਾਂ, ਭੇਡ ਅਤੇ ਬਲਦਾਂ ਨੂੰ ਵੀ ਰੱਖ ਲਿਆ।



ਸ਼ਾਊਲ ਨੇ ਆਖਿਆ ਇਹ ਸਭ ਇਸ ਲਈ ਰੱਖੀਆਂ ਹਨ ਕੀ ਪਰਮੇਸ਼ਵਰ ਨੂੰ ਬਲੀ ਚੜ੍ਹਾਈਆਂ ਜਾਣ।

23

ਸੈਮੂਏਲ ਨੇ ਸ਼ਾਊਲ ਨੂੰ ਆਖਿਆ, “ਆਗਿਆ ਮੰਨਣਾ ਬਲੀਦਾਨ ਚੜ੍ਹਾਉਣ ਨਾਲੋ ਉੱਤਮ ਹੈ। ਤੂੰ ਪਰਮੇਸ਼ਵਰ ਦੇ ਵਚਨਾਂ ਨੂੰ ਠੁਕਰਾਇਆ ਹੈ ਅਤੇ ਪਰਮੇਸ਼ਵਰ ਨੇ ਇਸਰਾਏਲ ਦਾ ਬਾਦਸ਼ਾਹ ਹੋਣ ਤੋਂ ਤੈਨੂੰ ਠੁਕਰਾਇਆ ਹੈ।” ਸ਼ਾਊਲ ਆਪਣੀ ਗਲਤੀ ਲਈ ਬਹੁਤ ਸ਼ਰਮਿੰਦਾ ਸੀ। ਪਰ ਬਹੁਤਦੇਰ ਹੋ ਗਈ ਸੀ। ਅੱਗੇ ਦਾ ਉਸ ਦਾ ਜੀਵਣ ਦੁੱਖਾਂ ਨਾਲ ਭਰਿਆ ਸੀ ਕਿਉਂਕਿ ਉਸਨੇ ਪਰਮੇਸ਼ਵਰ ਦੀ ਆਗਿਆ ਨਹੀ ਮੰਨੀ ਸੀ।



24

ਇੱਕ ਸੁੰਦਰ ਬੇਵਕੂਫ਼ ਬਾਦਸ਼ਾਹ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

1 ਸੈਮੂਏਲ 8-16

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।